ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961ਦੇ ਪੰਜਾਬ ਐਕਟ ਨੰ:35 ਸਥਾਪਤ)
ਪ੍ਰੈਕਟੀਕਲ-ਸ਼ਾਖਾ

ਨੰਬਰ:210/ਪ੍ਰੈਕਟੀਕਲ
ਮਿਤੀ: 18-4-2024

ਪ੍ਰਿੰਸੀਪਲ ਸਾਹਿਬਾਨ
ਯੂਨੀਵਰਸਿਟੀ ਨਾਲ ਸਬੰਧਿਤ ਕਾਲਜਾਂ
(ਜਿਥੇ MBA ਕੋਰਸ ਚੱਲ ਰਹੇ ਹਨ)

ਵਿਸ਼ਾ: ਮਈ-2024 ਪ੍ਰੈਕਟੀਕਲ ਪ੍ਰੀਖਿਆਵਾਂ ਐਮ.ਬੀ.ਏ. ਭਾਗ ਦੂਜਾ (ਸਮੈਸਟਰ ਚੌਥਾ) ਪ੍ਰੋਜੈਕਟ ਰਿਪੋਰਟ ਪੀ.ਡੀ.ਐਫ਼. ਫ਼ਾਰਮੈਟ (ਸਾਫ਼ਟ ਕਾਪੀ) ਆਪਸ਼ਨ (ਫੰਗਸ਼ਨਲ ਏਰੀਆ) ਅਨੁਸਾਰ ਭੇਜਣ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਉਕੱਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਆਪਜੀ ਦੇ ਕਾਲਜ ਵਿਖੇ ਐਮ.ਬੀ.ਏ. ਭਾਗ-ਦੂਜਾ (ਸਮੈਸਟਰ ਚੌਥਾ) ਦੀਆਂ ਪ੍ਰੋਜੈਕਟ ਰਿਪੋਰਟਾਂ ਪਹਿਲਾਂ ਜਿਵੇਂ Printed form ਵਿੱਚ hard copy ਭੇਜੀ ਜਾਂਦੀ ਸੀ, ਹੁਣ ਤੋਂ ਹਾਰਡ ਕਾਪੀ ਦੀ ਬਜਾਏ ਪ੍ਰੋਜੈਕਟ ਰਿਪੋਰਟ ਦੀ soft copy (PDF format) ਵਿੱਚ ਵਿਦਿਆਰਥੀ ਅਤੇ ਸੁਪਰਵਾਈਜ਼ਰ ਦੇ ਹਸਤਾਖਰਾਂ ਸਮੇਤ Email-id practicalsectionpup@gmail.com ਤੇ ਭੇਜੀ ਜਾਵੇ। ਈਮੇਲ ਭੇਜਣ ਸਮੇਂ ਈਮੇਲ ਦੇ ਸਬਜੈਕਟ ਵਿੱਚ ਕਾਲਜ ਦਾ ਸੈਂਟਰ ਕੋਡ ਅਤੇ ਵਿਦਿਆਰਥੀ ਦਾ ਯੂਨੀਵਰਸਿਟੀ ਰੋਲ ਨੰਬਰ ਦਰਜ ਕੀਤਾ ਜਾਵੇ। ਕਾਲਜ ਵੱਲੋਂ ਹਰ ਈਮੇਲ ਵਿੱਚ Covering Letter ਲਗਾਇਆ ਜਾਵੇ ਅਤੇ ਨਾਲ ਨੱਥੀ ਫਾਮਮੈਟ ਵਿੱਚ ਭੇਜੀਆਂ ਗਈਆਂ ਪ੍ਰੋਜੈਕਟ ਰਿਪੋਰਟ ਦਾ ਵੇਰਵਾ ਭਰ ਕੇ ਨੱਥੀ ਕੀਤਾ ਜਾਵੇ। ਪੀ.ਡੀ.ਐਫ਼. ਫ਼ਾਰਮੈਟ (ਸਾਫ਼ਟ ਕਾਪੀ) ਵਿਦਿਆਰਥੀਆਂ ਦੇ ਫੰਗਸ਼ਨਲ ਏਰੀਆ (ਮਾਰਕਿੰਟਿੰਗ/ਐਚ.ਆਰ./ਫ਼ਾਇਨਾਨਸ/ਆਪਰੇਸ਼ਨ) ਵਿਦਿਆਰਥੀਆਂ ਅਤੇ ਗਾਇਡ਼ ਦੇ ਹਸਤਾਖਰਾਂ ਸਹਿਤ ਜਲਦ ਹੀ ਯੂਨੀਵਰਸਿਟੀ ਵਿਖੇ ਭੇਜਣ ਦੀ ਕ੍ਰਿਪਾਲਤਾ ਕਰਨੀ ਤਾਂ ਜੋ ਇਹਨਾਂ ਪ੍ਰੋਜੈਕਟ ਰਿਪੋਰਟਾਂ ਦਾ ਮੁਲੰਕਣ ਸਮੇਂ ਸਿਰ ਕਰਵਾਉਣ ਉਪਰੰਤ ਵਾਇਵਾ ਪ੍ਰੀਖਿਆ ਵੀ ਜਲਦ ਕਰਵਾਈ ਜਾ ਸਕੇ ਅਤੇ ਵਿਦਿਆਰਥੀਆਂ ਦਾ ਨਤੀਜਾ ਜਲਦ ਘੋਸ਼ਿਤ ਕੀਤਾ ਜਾ ਸਕੇ,ਜੀ।

ਯੂਨੀਵਰਸਿਟੀ ਵਿਖੇ ਕੋਈ ਵੀ ਪ੍ਰੋਜੈਕਟ ਰਿਪੋਰਟ ਦੀ ਹਾਰਡ ਕਾਪੀ ਨਾ ਭੇਜੀ ਜਾਵੇ। ਯੂਨੀਵਰਸਿਟੀ ਨਾਲ ਸਬੰਧਿਤ ਕਾਲਜਾਂ ਦੇ ਸਮੂਹ ਪ੍ਰਿੰਸੀਪਲ ਸਾਹਿਬਾਨ ਹਰ ਇੱਕ ਵਿਦਿਆਰਥੀ ਦੇ ਪ੍ਰੋਜੈਕਟ ਰਿਪੋਰਟ ਦੀ ਹਾਰਡ ਕਾਪੀ ਆਪਣੇ ਕੋਲ ਘੱਟੋ-ਘੱਟ ਇੱਕ ਸਾਲ ਲਈ ਰੱਖਣ ਦੀ ਖੇਚਲ ਕਰਨ ਤਾਂ ਜੋ ਕਿਸੇ ਵੀ ਕਿਸਮ ਦੀ ਆਰ.ਟੀ.ਆਈ./ਕੋਰਟ ਕੇਸ ਆਦਿ ਲਈ ਲੋੜ ਪੈਣ ਤੇ ਆਪਜੀ ਪਾਸੋਂ ਸਬੰਧਿਤ ਵਿਦਿਆਰਥੀ ਦੀ ਪ੍ਰੋਜੈਕਟ ਰਿਪੋਰਟ ਮੰਗ ਲਈ ਜਾਵੇਗੀ, ਜੀ।

ਵਿਸ਼ਵਾਸ਼ਪਾਤਰ,

ਨਿਗਰਾਨ (ਪ੍ਰੈਕਟੀਕਲ)
ਵਾਸਤੇ ਕੰਟਰੋਲਰ (ਪ੍ਰੀਖਿਆਵਾਂ)